Applying for Affordable Housing in British Columbia

# HOW TO APPLY

ਵਾਰਾ ਖਾਣ ਯੋਗ ਰਿਹਾਇਸ਼ਾਂ ਪੈਦਾ ਕਰਨ ਲਈ ਰਲ ਕੇ ਕੰਮ ਕਰਦੇ ਹੋਏ

Punjabi version

# ਬ੍ਰਿਟਿਸ਼ ਕੋਲੰਬੀਆ ਵਿਚ ਵਾਰਾ ਖਾਣ ਯੋਗ ਰਿਹਾਇਸ਼ ਲਈ ਅਪਲਾਈ ਕਰਨਾ

## ਵਾਰਾ ਖਾਣ ਯੋਗ ਰਿਹਾਇਸ਼ ਕੀ ਹੈ?

ਵਾਰਾ ਖਾਣ ਯੋਗ ਰਿਹਾਇਸ਼ ਉਹ ਘਰ ਹਨ, ਜਿਨ੍ਹਾਂ ਦਾ ਖਰਚਾ ਪਰਿਵਾਰ ਦੀ ਮਹੀਨਾਵਾਰ ਕੁੱਲ ਆਮਦਨ ਦਾ 30 ਫੀਸਦੀ ਤੋਂ ਜ਼ਿਆਦਾ ਨਹੀਂ ਹੁੰਦਾ। ਬੀ ਸੀ ਹਾਊਸਿੰਗ, ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਕਈ ਤਰ੍ਹਾਂ ਦੀ ਵਾਰਾ ਖਾਣ ਯੋਗ ਰਿਹਾਇਸ਼ ਨਾਲ ਜੋੜ ਸਕਦੀ ਹੈ, ਜਿਸ ਵਿਚ ਪਰਿਵਾਰਾਂ, ਬਜ਼ੁਰਗਾਂ, ਅਤੇ ਅੰਗਹੀਣ ਲੋਕਾਂ ਲਈ ਕਿਰਾਏ ਦੇ ਘਰਾਂ ਦਾ ਪ੍ਰਬੰਧ ਕਰਨਾ ਸ਼ਾਮਲ ਹਨ।

## ਲਿੰਕ

*ਲਿੰਕ*, ਜਾਣਕਾਰੀ ਦੇਣ ਵਾਲੀ ਇਕ ਡਾਇਰੈਕਟਰੀ ਹੈ, ਜਿਹੜੀ ਸੂਬੇ ਭਰ ਵਿਚ ਪਰਿਵਾਰਾਂ, ਬਜ਼ੁਰਗਾਂ ਅਤੇ ਅੰਗਹੀਣ ਲੋਕਾਂ ਲਈ ਵਾਰਾ ਖਾਣ ਯੋਗ ਘਰਾਂ ਦੇ ਨਕਸ਼ੇ ਅਤੇ ਐਡਰੈਸ ਪ੍ਰਦਾਨ ਕਰਦੀ ਹੈ। *ਲਿੰਕ*, ਬੀ ਸੀ ਹਾਊਸਿੰਗ ਦੇ ਦਫਤਰਾਂ, ਬੀ ਸੀ ਬੈਨੇਫਿਟਸ ਦੇ ਦਫਤਰਾਂ, ਸਰਕਾਰੀ ਦਫਤਰਾਂ ਅਤੇ ਪਬਲਿਕ ਲਾਇਬਰੇਰੀਆਂ ਤੋਂ ਮਿਲਦੀ ਹੈ। ਇਹ ਬੀ ਸੀ ਹਾਊਸਿੰਗ ਦੇ ਵੈੱਬਸਾਈਟ www.bchousing.org. ਤੇ ਵੀ ਦੇਖੀ ਜਾ ਸਕਦੀ ਹੈ।

## ਕੌਣ ਹੱਕਦਾਰ ਹੈ?

ਇਸ ਬਰੋਸ਼ਰ ਵਿਚ ਦੱਸੀ ਗਈ ਵਾਰਾ ਖਾਣ ਯੋਗ ਰਿਹਾਇਸ਼ ਅੱਗੇ ਲਿਖਿਆਂ ਨੂੰ ਮਿਲ ਸਕਦੀ ਹੈ:

- **ਪਰਿਵਾਰ** – ਪਰਿਵਾਰ ਦੀ ਪ੍ਰੀਭਾਸ਼ਾ ਵਿਚ ਘੱਟੋ ਘੱਟ ਦੋ ਜਾਣੇ ਸ਼ਾਮਲ ਹਨ, ਜਿਨ੍ਹਾਂ ਵਿਚੋਂ ਇਕ ਦੂਜੇ ਤੇ ਨਿਰਭਰ ਹੋਵੇ।
- **ਬਜ਼ੁਰਗ** – ਉਹ ਲੋਕ ਜੋ 55 ਸਾਲ ਜਾਂ ਜ਼ਿਆਦਾ ਉਮਰ ਦੇ ਹਨ।
- **ਅੰਗਹੀਣ ਲੋਕ** – ਜਿਹੜੇ ਲੋਕ ਆਪਣੇ ਆਪ ਰਹਿ ਸਕਦੇ ਹਨ ਅਤੇ ਡਿਸਏਬਿਲਟੀ ਪੈਨਸ਼ਨ ਲੈਣ ਦੇ ਹੱਕਦਾਰ ਹਨ, ਜਾਂ ਕਿਸੇ ਅੰਗਹੀਣਤਾ ਕਾਰਨ ਕੰਮ ਨਹੀਂ ਕਰ ਸਕਦੇ।

ਇਕੱਲੇ ਰਹਿ ਰਹੇ ਲੋਕ (ਸਿੰਗਲ) ਵੀ ਕੁਝ ਤਰ੍ਹਾਂ ਦੀ ਵਾਰਾ ਖਾਣ ਯੋਗ ਰਿਹਾਇਸ਼ ਲੈਣ ਦੇ ਹੱਕਦਾਰ ਹਨ। ਇਨ੍ਹਾਂ ਬਾਰੇ ਜ਼ਿਆਦਾ ਜਾਣਕਾਰੀ ਬੀ ਸੀ ਹਾਊਸਿੰਗ ਤੋਂ ਮਿਲ ਸਕਦੀ ਹੈ, ਜਿਵੇਂ:

- ਅਜਿਹੇ ਕੋ-ਅੱਪਸ ਜਿਨ੍ਹਾਂ ਵਿਚ ਸਿੰਗਲ ਲੋਕਾਂ ਲਈ ਯੂਨਿਟ ਸ਼ਾਮਲ ਹਨ;
- ਉਨ੍ਹਾਂ ਸਿੰਗਲ ਲੋਕਾਂ ਲਈ ਰਿਹਾਇਸ਼ੀ ਸਹਾਇਤਾ ਜਿਹੜੇ ਸ਼ਹਿਰਾਂ ਵਿਚ, ਘੱਟ ਜਾਂ ਬੱਝਵੀਂ ਆਮਦਨ ਤੇ ਰਹਿ ਰਹੇ ਹਨ;
- ਉਨ੍ਹਾਂ ਲੋਕਾਂ ਲਈ ਰਿਹਾਇਸ਼ੀ ਸਹਾਇਤਾ ਜਿਨ੍ਹਾਂ ਦੀ ਬੇਘਰੇ ਹੋਣ ਦੀ ਜ਼ਿਆਦਾ ਸੰਭਾਵਨਾ ਹੈ; ਅਤੇ
- ਸ਼ੈਲਟਰ ਏਡ ਫਾਰ ਐਲਡਰਲੀ ਰੈਂਟਰਜ਼ (ਸੇਫਰ) ਪ੍ਰੋਗਰਾਮ ਰਾਹੀਂ ਬਜ਼ੁਰਗਾਂ ਲਈ ਪ੍ਰਾਈਵੇਟ ਮਾਰਕੀਟ ਵਿਚ ਮਕਾਨ ਲੈਣ ਲਈ ਕਿਰਾਏ ਵਿਚ ਸਹਾਇਤਾ।

ਆਮਦਨ ਮੁਤਾਬਕ ਕਿਰਾਏ ਵਾਲੀਆਂ ਰਿਹਾਇਸ਼ਾਂ ਦੇ ਯੋਗ ਹੋਣ ਲਈ, ਅਰਜ਼ੀ ਦੇਣ ਵਾਲਿਆਂ ਦੇ ਪਰਿਵਾਰ ਦੀ ਆਮਦਨ ਅਜਿਹੀ ਹੋਣੀ ਚਾਹੀਦੀ ਹੈ ਜਿਹੜੀ ਸਲਾਨਾ ਬੱਧੀ ਜਾਂਦੀ ਰਕਮ ਨਾਲੋਂ ਘੱਟ ਹੋਵੇ। ਵੱਧ ਤੋਂ ਵੱਧ ਆਮਦਨ ਦੇ ਪੱਧਰਾਂ ਬਾਰੇ ਨਵੀਂ ਜਾਣਕਾਰੀ ਬੀ ਸੀ ਹਾਊਸਿੰਗ ਤੋਂ ਮਿਲ ਸਕਦੀ ਹੈ।

## ਵਾਰਾ ਖਾਣ ਯੋਗ ਰਿਹਾਇਸ਼ਾਂ ਦੀਆਂ ਕਿਸਮਾਂ

ਇਸ ਬਰੋਸ਼ਰ ਵਿਚ ਤਿੰਨ ਤਰ੍ਹਾਂ ਦੇ ਘਰਾਂ ਬਾਰੇ ਦੱਸਿਆ ਗਿਆ ਹੈ, ਜਿਨ੍ਹਾਂ ਦਾ ਕਿਰਾਇਆ ਘਰ ਦੀ ਆਮਦਨ ਮੁਤਾਬਕ ਹੁੰਦਾ ਹੈ। ਇਹ ਮਕਾਨ, ਘੱਟ ਤੋਂ ਦਰਮਿਆਨੀ ਆਮਦਨ ਵਾਲੇ ਉਨ੍ਹਾਂ ਪਰਿਵਾਰਾਂ ਲਈ ਹਨ, ਜਿਹੜੇ ਪ੍ਰਾਈਵੇਟ ਮਾਰਕੀਟ ਵਿਚ ਵਾਰਾ ਖਾਣ ਯੋਗ ਰਿਹਾਇਸ਼ ਲੱਭਣ ਦੇ ਅਯੋਗ ਹਨ:

1. **ਸਿੱਧੇ ਪ੍ਰਬੰਧ ਹੇਠਲੀਆਂ ਜਾਂ ਪਬਲਿਕ ਰਿਹਾਇਸ਼ਾਂ।**
   ਇਨ੍ਹਾਂ ਰਿਹਾਇਸ਼ਾਂ ਦੀ ਮਾਲਕੀ ਅਤੇ ਪ੍ਰਬੰਧ ਬੀ ਸੀ ਹਾਊਸਿੰਗ ਕੋਲ ਹੁੰਦਾ ਹੈ। ਬੀ ਸੀ ਹਾਊਸਿੰਗ, ਕਿਰਾਏਦਾਰਾਂ ਦੀ ਚੋਣ ਕਰਨ ਲਈ ਜ਼ਿੰਮੇਵਾਰ ਹੁੰਦੀ ਹੈ ਅਤੇ ਇਹ ਮਾਲਕ ਹੁੰਦੀ ਹੈ।
2. **ਬਿਨਾਂ-ਮੁਨਾਫੇ ਵਾਲੀਆਂ ਰਿਹਾਇਸ਼ਾਂ।**
   ਇਨ੍ਹਾਂ ਰਿਹਾਇਸ਼ਾਂ ਦੀ ਮਾਲਕੀ, ਬਿਨਾਂ-ਮੁਨਾਫੇ ਤੋਂ ਕੰਮ ਕਰਨ ਵਾਲੀਆਂ ਹਾਊਸਿੰਗ ਸੁਸਾਇਟੀਆਂ ਕੋਲ ਹੁੰਦੀ ਹੈ ਅਤੇ ਉਹ ਹੀ ਪ੍ਰਬੰਧ ਚਲਾਉਂਦੀਆਂ ਹਨ। ਬਿਨਾਂ-ਮੁਨਾਫੇ ਤੋਂ ਮਕਾਨ ਪ੍ਰਦਾਨ ਕਰਨ ਵਾਲੀ ਸੁਸਾਇਟੀ, ਕਿਰਾਏਦਾਰਾਂ ਦੀ ਚੋਣ ਕਰਨ ਲਈ ਜ਼ਿੰਮੇਵਾਰ ਹੁੰਦੀ ਹੈ ਅਤੇ ਇਹ ਮਾਲਕ ਹੁੰਦੀ ਹੈ।
3. **ਕੋ-ਅਪਰੇਟਿਵ ਰਿਹਾਇਸ਼ਾਂ।**
   ਕੋ-ਅੱਪਸ ਦੀ ਮਾਲਕੀ ਸਾਂਝੀ ਹੁੰਦੀ ਹੈ ਅਤੇ ਇਨ੍ਹਾਂ ਦਾ ਪ੍ਰਬੰਧ ਕੋ-ਅੱਪ ਵਿਚ ਰਹਿਣ ਵਾਲੇ ਮੈਂਬਰਾਂ ਵਲੋਂ ਚਲਾਇਆ ਜਾਂਦਾ ਹੈ। ਮੈਂਬਰ, ਫੈਸਲੇ ਕਰਨ ਵਿਚ ਹਿੱਸਾ ਲੈਂਦੇ ਹਨ, ਕੋ-ਅੱਪ ਨੂੰ ਚਲਾਉਣ ਲਈ ਜ਼ਿੰਮੇਵਾਰੀ ਵੰਡਾਉਂਦੇ ਹਨ ਅਤੇ ਨਵੇਂ ਮੈਂਬਰਾਂ ਦੀ ਚੋਣ ਕਰਨ ਲਈ ਜ਼ਿੰਮੇਵਾਰ ਹਨ।

ਆਮਦਨ ਮੁਤਾਬਕ ਕਿਰਾਏ ਵਾਲੇ ਮਕਾਨਾਂ ਤੋਂ ਇਲਾਵਾ, ਕੁਝ ਵਾਰਾ ਖਾਣ ਯੋਗ ਰਿਹਾਇਸ਼ਾਂ ਵਿਚ ਮਾਰਕੀਟ ਯੂਨਿਟ ਹੁੰਦੇ ਹਨ ਜਿਨ੍ਹਾਂ ਦਾ ਕਿਰਾਇਆ ਮਾਰਕੀਟ ਦੇ ਪੱਧਰ ਤੇ ਜਾਂ ਥੋੜ੍ਹਾ ਜਿਹਾ ਘੱਟ ਨਿਸ਼ਚਤ ਕੀਤਾ ਜਾਂਦਾ ਹੈ।

# ਅਪਲਾਈ ਕਿਵੇਂ ਕਰਨਾ ਹੈ

**ਬੀ ਸੀ ਹਾਊਸਿੰਗ ਦੇ ਸਿੱਧੇ ਪ੍ਰਬੰਧ ਹੇਠਲੀਆਂ ਰਿਹਾਇਸ਼ਾਂ** ਲਈ ਅਪਲਾਈ ਕਰਨ ਲਈ, ਇਕ ਅਰਜ਼ੀ ਫਾਰਮ ਭਰੋ ਜਿਹੜਾ ਬੀ ਸੀ ਹਾਊਸਿੰਗ ਤੋਂ ਮਿਲਦਾ ਹੈ ਜਾਂ www.bchousing.org. ਤੇ ਬੀ ਸੀ ਹਾਊਸਿੰਗ ਦੇ ਵੈੱਬਸਾਈਟ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਫਾਰਮ ਭਰਨ ਵਿਚ ਸਹਾਇਤਾ ਕਰਨ ਲਈ ਦਫਤਰ ਵਿਚ ਸਟਾਫ ਮੌਜੂਦ ਹੈ। **ਬੀ ਸੀ ਹਾਊਸਿੰਗ, ਕੁਝ ਬਿਨਾਂ-ਮੁਨਾਫੇ ਤੋਂ ਕੰਮ ਕਰਨ ਵਾਲੀਆਂ ਸੁਸਾਇਟੀਆਂ ਅਤੇ ਕੋ-ਔਪ ਰਿਹਾਇਸ਼ ਦੇਣ ਵਾਲਿਆਂ ਦੀ ਤਰਫੋਂ ਵੀ ਅਰਜ਼ੀਆਂ ਲੈਂਦੀ ਹੈ ਅਤੇ ਰਿਕਾਰਡ ਰੱਖਦੀ ਹੈ।**

**ਬਿਨਾਂ-ਮੁਨਾਫੇ ਵਾਲੀਆਂ ਰਿਹਾਇਸ਼ਾਂ** ਲਈ, *ਲਿੰਕ* ਵਿਚਲੀ ਵਾਰਾ ਖਾਣ ਯੋਗ ਮਕਾਨਾਂ ਬਾਰੇ ਲਿਸਟ ਇਹ ਜਾਣਕਾਰੀ ਵੀ ਦਿੰਦੀ ਹੈ ਕਿ ਆਪਣੀ ਦਿਲਚਸਪੀ ਵਾਲੀਆਂ ਰਿਹਾਇਸ਼ਾਂ ਲਈ ਅਪਲਾਈ ਕਿਵੇਂ ਕਰਨਾ ਹੈ।

**ਕੋ-ਅਪਰੇਟਿਵ ਰਿਹਾਇਸ਼ਾਂ** ਲਈ, *ਲਿੰਕ* ਵਿਚਲੀ ਵਾਰਾ ਖਾਣ ਯੋਗ ਮਕਾਨਾਂ ਬਾਰੇ ਲਿਸਟ ਇਹ ਜਾਣਕਾਰੀ ਵੀ ਦਿੰਦੀ ਹੈ ਕਿ ਆਪਣੀ ਦਿਲਚਸਪੀ ਵਾਲੇ ਕੋ-ਔਪ(ਸ) ਲਈ ਅਪਲਾਈ ਕਿਵੇਂ ਕਰਨਾ ਹੈ। SCOOP ਨਾਂ ਦੇ ਮੈਗਜ਼ੀਨ ਦੀ ਕਾਪੀ ਲੈਣ ਲਈ ਤੁਸੀਂ ਕੋ-ਅਪਰੇਟਿਵ ਹਾਊਸਿੰਗ ਫਡਰੇਸ਼ਨ ਆਫ ਬੀ ਸੀ ਨਾਲ 604-879-5111 ਤੇ, www.chf.bc.ca ਤੇ, ਜਾਂ 1-866-879-5111 ਮੁਫਤ ਫੋਨ ਲਾਈਨ ਤੇ ਸੰਪਰਕ ਕਰ ਸਕਦੇ ਹੋ, ਜਿਸ ਵਿਚ ਉਨ੍ਹਾਂ ਕੋ-ਔਪਸ ਬਾਰੇ ਜਾਣਕਾਰੀ ਹੁੰਦੀ ਹੈ ਜਿਹੜੀਆਂ ਅਰਜ਼ੀਆਂ ਲੈ ਰਹੀਆਂ ਹੁੰਦੀਆਂ ਹਨ।

# ਆਮ ਪੁੱਛੇ ਜਾਂਦੇ ਸਵਾਲ ਅਤੇ ਜਵਾਬ

### ਇਨ੍ਹਾਂ ਰਿਹਾਇਸ਼ਾਂ ਲਈ ਲੋਕਾਂ ਦੀ ਚੋਣ ਕਿਵੇਂ ਕੀਤੀ ਜਾਂਦੀ ਹੈ?

ਰਿਹਾਇਸ਼ ਪ੍ਰਦਾਨ ਕਰਨ ਵਾਲੇ ਵੱਖ ਵੱਖ ਤਰੀਕਿਆਂ ਨਾਲ ਚੋਣ ਕਰਦੇ ਹਨ। ਕੁਝ ਪਹਿਲ ਦੇ ਆਧਾਰ ਤੇ ਰਿਹਾਇਸ਼ ਪ੍ਰਦਾਨ ਕਰਦੇ ਹਨ ਜਦ ਕਿ ਕੁਝ ਇਹ ਫੈਸਲਾ ਕਰਨ ਲਈ ਨੰਬਰਾਂ ਦਾ ਸਿਸਟਮ ਵਰਤਦੇ ਹਨ ਕਿ ਅਰਜ਼ੀ ਦੇਣ ਵਾਲੇ ਕਿਹੜੇ ਲੋਕਾਂ ਨੂੰ ਜ਼ਿਆਦਾ ਲੋੜ ਹੈ। ਇਨ੍ਹਾਂ ਤਰੀਕਿਆਂ ਤੋਂ ਇਲਾਵਾ, ਕੋ-ਔਪਸ ਇਸ ਆਧਾਰ ਤੇ ਵੀ ਨਵੇਂ ਮੈਂਬਰ ਲੈਂਦੇ ਹਨ ਕਿ ਕੋ-ਔਪਸ ਨੂੰ ਚਲਾਉਣ ਵਿਚ ਹਿੱਸਾ ਲੈਣ ਦੀ ਉਹ ਕਿੰਨੀ ਕੁ ਦਿਲਚਸਪੀ ਰੱਖਦੇ ਹਨ।

### ਰਿਹਾਇਸ਼ ਲਈ ਮੈਨੂੰ ਕਿੰਨਾ ਚਿਰ ਉਡੀਕ ਕਰਨੀ ਪਵੇਗੀ?

ਰਿਹਾਇਸ਼ ਮਿਲਣਾ ਕਈ ਕਸਵੱਟੀਆਂ ਤੇ ਨਿਰਭਰ ਹੁੰਦਾ ਹੈ, ਇਸ ਕਰਕੇ ਦਾਅਵੇ ਨਾਲ ਇਹ ਕਹਿਣਾ ਅਸੰਭਵ ਹੈ ਕਿ ਤੁਹਾਨੂੰ ਕਿੰਨਾ ਚਿਰ ਉਡੀਕ ਕਰਨੀ ਪਵੇਗੀ। ਇਸ ਵੇਲੇ, ਵਾਰਾ ਖਾਣ ਯੋਗ ਰਿਹਾਇਸ਼ਾਂ ਲਈ ਅਰਜ਼ੀਆਂ ਦੇਣ ਵਾਲੇ, ਮੌਜੂਦ ਰਿਹਾਇਸ਼ਾਂ ਨਾਲੋਂ ਕਿਤੇ ਜ਼ਿਆਦਾ ਹਨ।

### ਰਿਹਾਇਸ਼ ਬਾਰੇ ਮੇਰੇ ਨਾਲ ਕਿਵੇਂ ਸੰਪਰਕ ਕੀਤਾ ਜਾਵੇਗਾ?

ਕਿਸੇ ਖਾਲੀ ਯੂਨਿਟ ਦੇ ਸਬੰਧ ਵਿਚ ਜਦੋਂ ਤੁਹਾਡੇ ਬਾਰੇ ਗੌਰ ਕੀਤੀ ਜਾ ਰਹੀ ਹੋਵੇ, ਤਾਂ ਤੁਹਾਡੇ ਨਾਲ ਹੋਰ ਜਾਣਕਾਰੀ ਲੈਣ ਲਈ ਸੰਪਰਕ ਕੀਤਾ ਜਾਵੇਗਾ। ਉਸ ਵੇਲੇ, ਰਿਹਾਇਸ਼ ਪ੍ਰਦਾਨ ਕਰਨ ਵਾਲੇ ਤੁਹਾਡੇ ਬਾਰੇ ਪੁੱਛ-ਪੜਤਾਲ ਕਰ ਸਕਦੇ ਹਨ ਜਾਂ ਤੁਹਾਨੂੰ ਇੰਟਰਵਿਊ ਲਈ ਸੱਦ ਸਕਦੇ ਹਨ। ਆਮ ਤੌਰ ਤੇ ਫੈਸਲਾ ਹੋਣ ਤੋਂ ਪਹਿਲਾਂ ਤੁਸੀਂ ਮਕਾਨ ਦੇਖਣ ਦੇ ਯੋਗ ਹੋਵੋਗੇ।

### ਮੈਨੂੰ ਕਿੰਨੇ ਪੈਸੇ ਦੇਣੇ ਪੈਣਗੇ?

- ਜੇ ਤੁਹਾਨੂੰ ਅਜਿਹੀ ਰਿਹਾਇਸ਼ ਦੇਣ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ, ਜਿਸ ਦਾ ਕਿਰਾਇਆ ਤੁਹਾਡੀ ਆਮਦਨ ਮੁਤਾਬਕ ਹੋਵੇਗਾ ਤਾਂ ਜਿਹੜੀ ਰਕਮ ਤੁਸੀਂ ਦੇਵੋਗੇ ਉਹ ਤੁਹਾਡੇ ਪਰਿਵਾਰ ਦੇ ਸਾਈਜ਼ ਅਤੇ ਤੁਹਾਡੇ ਪਰਿਵਾਰ ਦੀ ਕੁੱਲ ਆਮਦਨ ਤੇ ਨਿਰਭਰ ਕਰੇਗੀ।
- ਜੇ ਤੁਹਾਨੂੰ ਮਾਰਕੀਟ ਯੂਨਿਟ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ ਤਾਂ ਤੁਸੀਂ ਪ੍ਰਾਈਵੇਟ ਮਾਰਕੀਟ ਵਿਚ ਕਿਰਾਏ ਦੇ ਹਿਸਾਬ ਅਨੁਸਾਰ ਜਾਂ ਥੋੜ੍ਹਾ ਜਿਹਾ ਘੱਟ ਕਿਰਾਇਆ ਦੇਵੋਗੇ।

### ਕੀ ਕਿਰਾਏ ਤੋਂ ਬਿਨਾਂ ਹੋਰ ਵੀ ਕੋਈ ਖਰਚੇ ਹਨ?

ਕੁਝ ਰਿਹਾਇਸ਼ਾਂ ਦੇ ਹੋਰ ਖਰਚੇ ਹੋ ਸਕਦੇ ਹਨ। *ਲਿੰਕ* ਵਿਚ ਦਰਜ ਰਿਹਾਇਸ਼ਾਂ ਦੀ ਲਿਸਟ ਹੋਰ ਖਰਚਿਆਂ ਬਾਰੇ ਦੱਸਦੀ ਹੈ।

*ਸਕਿਉਰਟੀ ਡਿਪਾਜ਼ਿਟ*

- ਇਹ ਡਿਪਾਜ਼ਿਟ ਮਾਲਕ ਵਲੋਂ ਰੱਖਿਆ ਜਾਵੇਗਾ ਅਤੇ ਤੁਹਾਡੇ ਵਲੋਂ ਰਿਹਾਇਸ਼ ਖਾਲੀ ਕਰਨ ਤੇ ਵਾਪਸ ਕੀਤਾ ਜਾਵੇਗਾ, ਜੇ ਯੂਨਿਟ ਨੂੰ ਕੋਈ ਨੁਕਸਾਨ ਨਾ ਹੋਇਆ ਹੋਵੇ।

*ਕੋ-ਔਪ ਦੇ ਹਿੱਸੇ ਦੀ ਖਰੀਦ*

- ਕੋ-ਔਪ ਦੇ ਹਿੱਸੇ ਦੀ ਖਰੀਦ ਦਾ ਖਰਚਾ ਨਿਸ਼ਚਤ ਨਹੀਂ ਹੈ। ਕੋ-ਔਪ ਨੂੰ ਛੱਡ ਕੇ ਜਾਣ ਤੇ ਖਰੀਦ ਕੀਮਤ ਵਾਪਸ ਕਰ ਦਿੱਤੀ ਜਾਵੇਗੀ, ਜੇ ਯੂਨਿਟ ਸਿਰ ਕੋਈ ਕਰਜ਼ਾ ਨਾ ਹੋਵੇ ਜਾਂ ਯੂਨਿਟ ਨੂੰ ਕੋਈ ਨੁਕਸਾਨ ਨਾ ਹੋਇਆ ਹੋਵੇ।

*ਹੋਰ ਖਰਚਿਆਂ ਵਿਚ ਇਹ ਸ਼ਾਮਲ ਹੋ ਸਕਦੇ ਹਨ:*

- ਕੇਬਲ
- ਲਾਉਂਡਰੀ
- ਪਾਰਕਿੰਗ
- ਬਿੱਲ (ਗੈਸ ਅਤੇ ਹਾਈਡਰੋ)

**ਜ਼ਰੂਰੀ ਜਾਣਕਾਰੀ**

- ਰਿਹਾਇਸ਼ ਮਿਲਣ ਦੇ ਆਪਣੇ ਮੌਕੇ ਵਧਾਉਣ ਲਈ, ਇਹ ਸਲਾਹ ਦਿੱਤੀ ਜਾਂਦੀ ਹੈ ਕਿ ਤੁਸੀਂ ਕਈ ਥਾਂਵੀਂ ਅਪਲਾਈ ਕਰੋ।
- ਤੁਹਾਡੇ ਸਬੰਧ ਵਿਚ ਜੇ ਕੋਈ ਵੀ ਜਾਣਕਾਰੀ ਬਦਲ ਜਾਵੇ ਤਾਂ ਆਪਣੀ ਐਪਲੀਕੇਸ਼ਨ ਨਵਿਆਉ। ਤੁਹਾਨੂੰ ਹਰ ਛੇ ਮਹੀਨਿਆਂ ਬਾਅਦ, ਨਵੀਂ ਅਰਜ਼ੀ ਦੇਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।
- ਕਿਰਪਾ ਕਰਕੇ ਆਪਣਾ ਦਿਨ ਦਾ ਜਾਂ ਸ਼ਾਮ ਦਾ ਫੋਨ ਨੰਬਰ ਜਾਂ ਤੁਹਾਡੇ ਸਬੰਧ ਵਿਚ ਸੰਪਰਕ ਕੀਤੇ ਜਾਣ ਵਾਲੇ ਵਿਅਕਤੀ ਦਾ ਫੋਨ ਨੰਬਰ ਦਿਉ ਤਾਂ ਜੋ ਜੇ ਕੋਈ ਮਕਾਨ ਖਾਲੀ ਹੋਇਆ ਹੋਵੇ ਤਾਂ ਰਿਹਾਇਸ਼ ਪ੍ਰਦਾਨ ਕਰਨ ਵਾਲੇ ਤੁਹਾਡੇ ਨਾਲ ਸੰਪਰਕ ਕਰ ਸਕਣ।

# ਜ਼ਿਆਦਾ ਜਾਣਕਾਰੀ ਲਈ

ਜ਼ਿਆਦਾ ਜਾਣਕਾਰੀ ਲਈ ਜਾਂ ਐਪਲੀਕੇਸ਼ਨ ਫਾਰਮ ਅਤੇ ਰਿਹਾਇਸ਼ਾਂ ਦੀ ਲਿਸਟ ਲੈਣ ਲਈ, ਬੀ ਸੀ ਹਾਊਸਿੰਗ ਦਾ ਵੈੱਬਸਾਈਟ ਦੇਖੋ ਜਾਂ ਆਪਣੇ ਨੇੜੇ ਦੇ ਬੀ ਸੀ ਹਾਊਸਿੰਗ ਦੇ ਦਫਤਰ ਨਾਲ ਸੰਪਰਕ ਕਰੋ। ਐਪਲੀਕੇਸ਼ਨ ਭਰਨ ਲਈ ਜੇ ਤੁਹਾਨੂੰ ਮਦਦ ਦੀ ਲੋੜ ਹੋਵੇ ਤਾਂ ਸਟਾਫ ਤੁਹਾਡੀ ਮਦਦ ਕਰ ਸਕਦਾ ਹੈ।

**www.bchousing.org**

**ਸਟੋਰਫਰੰਟ ਆਫਿਸ**
101 – 4555 ਕਿੰਗਜ਼ਵੇਅ
ਬਰਨਬੀ, ਬੀ ਸੀ V5H 4V8
ਰਿਹਾਇਸ਼ਾਂ ਬਾਰੇ ਸੇਵਾਵਾਂ/ਸੇਫਰ ਇਨਕੁਆਰੀ ਲਾਈਨ
ਟੈਲੀਫੋਨ: 604-433-2218
ਲੋਅਰ ਮੇਨਲੈਂਡ ਵਿਚ
ਲੋਅਰ ਮੇਨਲੈਂਡ ਤੋਂ ਬਾਹਰ
1-800-257-7756 ਤੇ ਫੋਨ ਕਰੋ
ਫੈਕਸ: 604-439-4729

**ਲੋਅਰ ਮੇਨਲੈਂਡ ਵੈੱਸਟ ਰੀਜਨਲ ਆਫਿਸ**
1296 ਸਟੇਸ਼ਨ ਸਟਰੀਟ
ਵੈਨਕੂਵਰ, ਬੀ ਸੀ V6A 2X3
ਟੈਲੀਫੋਨ: 604-609-7024
ਫੈਕਸ: 604-609-7031

**ਲੋਅਰ ਮੇਨਲੈਂਡ ਈਸਟ ਰੀਜਨਲ ਆਫਿਸ**
7337 ਐਡਮੰਡਜ਼ ਸਟਰੀਟ
ਬਰਨਬੀ, ਬੀ ਸੀ V3N 1A7
ਟੈਲੀਫੋਨ: 604-525-3033
ਫੈਕਸ: 604-525-8201

**ਸਾਊਥਰਨ ਇਨਟੀਰੀਅਰ ਰੀਜਨਲ ਆਫਿਸ**
290 ਨਾਨੈਮੋ ਐਵੇਨਿਊ ਵੈੱਸਟ
ਪਨਟਿਕਟਨ, ਬੀ ਸੀ V2A 1N5
ਪਨਟਿਕਟਨ ਤੋਂ ਬਾਹਰ ਵਾਲੇ 1-800-834-7149 ਤੇ ਫੋਨ ਕਰਨ
ਟੈਲੀਫੋਨ: 250-493-0301
ਫੈਕਸ: 250-492-1080

**ਨੌਰਥਰਨ ਇਨਟੀਰੀਅਰ ਰੀਜਨਲ ਆਫਿਸ**
1539-11 ਐਵੇਨਿਊ
ਪ੍ਰਿੰਸ ਜਾਰਜ, ਬੀ ਸੀ V2L 3S6
ਪ੍ਰਿੰਸ ਜਾਰਜ ਤੋਂ ਬਾਹਰ ਵਾਲੇ 1-800-667-1235 ਤੇ ਫੋਨ ਕਰਨ
ਟੈਲੀਫੋਨ: 250-562-9251
ਫੈਕਸ: 250-562-6488

**ਕੋਸਟਲ ਰੀਜਨਲ ਆਫਿਸ**
ਸੂਈਟ 301 – 3440 ਡਗਲਸ ਸਟਰੀਟ
ਵਿਕਟੋਰੀਆ, ਬੀ ਸੀ V8Z 3L5
ਟੈਲੀਫੋਨ: 250-475-7550
ਫੈਕਸ: 250-475-7551

**ਕੋਸਟਲ ਰੀਜਨ: ਨੌਰਥ ਕੋਸਟ ਆਫਿਸ**
1400 ਕੂਟਨੀ ਐਵੇਨਿਊ
ਪ੍ਰਿੰਸ ਰੂਪਰਟ, ਬੀ ਸੀ V8J 3X5
ਟੈਲੀਫੋਨ: 250-627-7501
ਫੈਕਸ: 250-627-8975

**ਕੋਸਟਲ ਰੀਜਨ: ਨੌਰਥ ਆਈਲੈਂਡ ਆਫਿਸ**
318 ਏ ਡੰਕਨ ਐਵੇਨਿਊ
ਕੂਟਨੀ, ਬੀ ਸੀ V9N 2M5
ਟੈਲੀਫੋਨ: 250-703-2134
ਫੈਕਸ: 250-703-2140